ਕਾਰਵਾਈ ਨਗਰ ਨਿਗਮ, ਲੁਧਿਆਣਾ ਦੇ ਜਨਰਲ ਹਾਊਸ ਦੀ ਇੱਕਤਰਤਾ, ਜੋ ਕਿ ਮਿਤੀ 25-07-2022 ਦਿਨ ਸੋਮਵਾਰ ਨੂੰ ਸਮ੍ਹਾਂ ਸਵੇਰੇ 11:00 ਵਜੇ ਮੁੱਖ ਦਫ਼ਤਰ ਮਾਤਾ ਰਾਣੀ ਚੌਂਕ ਦੇ ਮੀਟਿੰਗ ਹਾਲ ਵਿਖੇ ਮਾਣਯੋਗ ਮੇਅਰ ਜੀ ਦੀ ਪ੍ਰਧਾਨਗੀ ਹੇਠ ਹੋਈ।

ਹਾਜ਼ਰੀ:-

| Sr. No. | Ward No. | NAME | Sr. No. | Ward No. | NAME |
|---|---|---|---|---|---|
| 1 | 78 | S. Balkar Singh Sandhu, Mayor | 39 | 57 | Smt. Manju Aggarwal |
| 2 | 56 | Sh. Sham Sunder Malhotra, Senior Deputy Mayor | 40 | 59 | Smt. Prabhjot Kaur |
| 3 | 35 | Smt. Sarabjeet Kaur, Deputy Mayor | 41 | 60 | Shri. Anil Parti |
| 4 | 1 | Smt. Diviya | 42 | 62 | Sh. Om Parkash |
| 5 | 2 | S. Gurmail Singh | 43 | 64 | Shri. Rakesh Prasher |
| 6 | 3 | Smt. Pallavi Vinaik | 44 | 65 | Smt. Punam Malhotra |
| 7 | 4 | Sh. Sukhdev Bawa | 45 | 66 | Sh. Narinder Sharma |
| 8 | 5 | Smt. Neelam Sharma | 46 | 67 | Smt. Mamta Ashu |
| 9 | 6 | S. Sarabjeet Singh Laddi | 47 | 68 | S. Baljinder Singh |
| 10 | 7 | Smt. Ravinder Kaur | 48 | 70 | S. Dilraj Singh |
| 11 | 8 | Chaudhary Yash Pal | 49 | 71 | Smt. Rupinder Kaur Sandhu |
| 12 | 10 | Sh. Harjinder Pal | 50 | 74 | Sh. Pankaj Sharma |
| 13 | 11 | Smt. Balwinder Kaur | 51 | 75 | Sh. Amrit Versha Rampal |
| 14 | 12 | Sh. Naresh Kumar | 52 | 77 | Smt. Maninder Kaur Guman |
| 15 | 14 | Sh. Kuldeep Janda | 53 | 79 | Smt. Anny Sikka |
| 16 | 15 | Smt. Kanchan Malhotra | 54 | 80 | Sh. Maharaj Singh Raji |
| 17 | 16 | Sh. Umesh Sharma | 55 | 81 | Smt. Rashi Aggarwal |
| 18 | 20 | S. Navneet Singh Ghayal | 56 | 82 | Sh. Gagandeep Bhalla |
| 19 | 21 | Smt. kitty | 57 | 83 | Smt. Indu Thaper |
| 20 | 22 | Sh. Raj Kumar | 58 | 84 | Sh. Surinder Atwal |
| 21 | 23 | Smt. Sandeep Kumari | 59 | 85 | Smt. Sunita Rani |
| 22 | 24 | S. Pal Singh Grewal | 60 | 86 | Sh. Ashwani Kumar |
| 23 | 28 | S. Paramjeet Singh | 61 | 87 | Smt. Kulwant Kaur |
| 24 | 30 | S. Jaspal Singh Giaspura | 62 | 88 | S. Manpreet Singh Grewal |
| 25 | 31 | Smt. Sonia Sharma | 63 | 91 | Smt. Gurpinder Kaur |
| 26 | 32 | S. Sukhbir Singh | 64 | 92 | S. Harvinder Pal Singh |
| 27 | 36 | S. Harvinder Singh | 65 | 94 | S. Gurpreet Singh |
| 28 | 37 | Smt. Sarbjit Kaur | 66 | 95 | Sh. Gurcharan deep |
| 29 | 38 | S. Kuldip Singh | | | |
| 30 | 39 | Smt. Jaspreet Kaur | | | ਐਮ. ਐਲ. ਏਜ. |
| 31 | 40 | Sh. Arjun Singh Cheema | 1 | | Chaudhary Madan Lal Bagga |
| 32 | 42 | S. Sukhdev Singh Sheera | 2 | | Sh. Gurpreet Bassi Gogi |
| 33 | 44 | S. Harkarandeep Singh | 3 | | Sh. Ashok Prasher |
| 34 | 46 | S. Harbhajan Singh Dang | 4 | | S. Diljit Singh Grewal |
| 35 | 48 | S. Parvinder Singh Gill | 5 | | Smt. Rajinder Pal Kaur Chenna |
| 36 | 50 | S. Swarandeep Singh | 6 | | S. Kulwant Singh Sidhu |
| 37 | 51 | Smt. Amrit Kaur | 7 | | S. Hardeep Singh Mundian |
| 38 | 52 | S. Gurdeep Singh Neetu | | | |

Balkar Singh

ਮੇਅਰ

ਨਗਰ ਨਿਗਮ, ਲੁਧਿਆਣਾ।

25-07-2022

**ਮਤਾ ਨੰ:- 332**

ਮਾਨਯੋਗ ਮੇਅਰ ਜੀ ਨੇ ਹਾਊਸ ਵਿੱਚ ਸ਼ੋਕ ਮਤਾ ਪੇਸ਼ ਕੀਤਾ ਕਿ ਪਿਛਲੇ ਦਿਨੀ ਸ੍ਰ ਸ਼ੁਭਦੀਪ ਸਿੰਘ (ਸਿੱਧੂ ਮੂਸੇਵਾਲਾ) ਪੰਜਾਬੀ ਗਾਇਕ, ਸ਼੍ਰੀ ਰਾਜ ਕੁਮਾਰ ਕਲਿਆਣ ਮੁੱਖ ਸਫਾਈ ਨਰੀਖਕ ਜੋਨ-ਬੀ, ਸ਼੍ਰੀ ਰਵੀ ਸੋਨੀ ਡਰਾਈਵਰ, ਸ਼੍ਰੀ ਸੁਰਿੰਦਰ ਡੋਗਰਾ ਮੁੱਖ ਸਫਾਈ ਨਰੀਖਕ ਦੇ ਮਾਤਾ ਜੀ ਸ਼੍ਰੀਮਤੀ ਕੇਸਰੀ ਦੇਵੀ ਅਤੇ ਸ਼੍ਰੀਮਤੀ ਪ੍ਰਭਜੋਤ ਕੌਰ ਕੌਂਸਲਰ ਵਾਰਡ ਨੰ: 29 ਦੇ ਪਿਤਾ ਜੀ ਸ੍ਰ. ਹਰਮਿੰਦਰ ਸਿੰਘ (ਰਿਟਾ: ਈ.ਟੀ.ਓ.) ਦੇ ਅਚਾਨਕ ਅਕਾਲ ਚਲਾਨਾ ਕਰ ਜਾਣ ਤੇ ਹਾਊਸ ਵੱਲੋ ਡੂੰਘੇ ਅਫ਼ਸੋਸ ਦਾ ਪ੍ਰਗਟਾਵਾ ਕਰਦੇ ਹੋਏ, ਇਨ੍ਹਾਂ ਵਿਛੜੀਆਂ ਰੂਹਾਂ ਦੀ ਆਤਮਿਕ ਸਾਂਤੀ ਲਈ ਦੋ ਮਿੰਟ ਦਾ ਮੋਨ ਰਖਿਆ ਗਿਆ ਅਤੇ ਪਰਮਪਿਤਾ ਪਰਮਾਤਮਾ ਅੱਗੇ ਅਰਦਾਸ ਕੀਤੀ ਗਈ ਕਿ ਪਰਮਾਤਮਾ ਇਨ੍ਹਾਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾ ਵਿੱਚ ਨਿਵਾਸ ਦੇਵੇ ਅਤੇ ਪਿੱਛੇ ਉਨ੍ਹਾਂ ਦੇ ਪਰਿਵਾਰਾ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ੇ।

**ਮੇਅਰ**

**25-07-2022**

ਮੱਦ ਨੰ: 1 / ਜਰਨਲ ਸ਼ਾਖਾ

ਵਿਸ਼ਾ:- ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਕੰਟਰੈਕਟ ਬੇਸਿਜ਼ ਤੇ ਕੰਮ ਕਰਦੇ ਸਫਾਈ ਸੇਵਕਾਂ/ ਸੀਵਰਮੈਨਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਸਬੰਧੀ ।

ਸਿਹਤ ਅਫ਼ਸਰ (ਅਮਲਾ) ਮਿਤੀ 20-07-2022 ਜਿਸ ਦੀ ਪ੍ਰਵਾਨਗੀ ਹਿੱਤ ਪ੍ਰੋੜਤਾ ਸੰਯੁਕਤ ਕਮਿਸ਼ਨਰ (ਪੀ) ਜੀ ਨੇ ਮਿਤੀ 20-07-2022 ਰਾਹੀ ਅਤੇ ਕਾਰਜਕਾਰੀ ਇੰਜੀਨੀਅਰ ਓ.ਐਡ.ਐਮ (ਅਮਲਾ) ਤੇ ਕਾਰਜਕਾਰੀ ਇੰਜੀਨੀਅਰ ਓ.ਐਡ.ਐਮ (ਜੋਨ-ਏ) ਜਿਸ ਦੀ ਪ੍ਰਵਾਨਗੀ ਹਿੱਤ ਪ੍ਰੋੜਤਾ ਨਿਗਰਾਨ ਇੰਜੀਨੀਅਰਜ ਓ.ਐਡ.ਐਮ ਨੇ ਮਿਤੀ 20-07-2022 ਅਤੇ ਵਧੀਕ ਕਮਿਸ਼ਨਰ (ਆਰ) ਨੇ ਮਿਤੀ 20-07-2022 ਰਾਹੀ ਕੀਤੀ ਹੈ, ਜੋ ਕਿ ਉਕਤ ਵਿਸ਼ੇ ਸਬੰਧੀ ਹਾਊਸ ਦੇ ਵਿਚਾਰਨ ਹਿੱਤ ਪੇਸ਼ ਹੈ ਕਿ ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਦੇ ਧਿਆਨ ਵਿੱਚ ਲਿਆਇਆ ਜਾਂਦਾ ਹੈ ਕਿ ਸਥਾਨਕ ਸਰਕਾਰ ਪੰਜਾਬ ਵਲੋਂ ਪੱਤਰ ਨੰ: ਸ1-ਜਬ-ਡਸਸ-2021/103 ਮਿਤੀ 14-12-2021 ਰਾਹੀਂ ਹੁਕਮ ਕੀਤੇ ਗਏ ਸਨ ਕਿ ਮੰਤਰੀ ਪ੍ਰੀਸ਼ਦ ਦੇ ਫੈਸਲੇ ਮਿਤੀ 18-06-2021 ਤੋਂ ਪਹਿਲਾਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਕੰਟਰੈਕਟ ਬੇਸਿਜ਼ ਤੇ ਕੰਮ ਕਰਦੇ ਸਫਾਈ ਸੇਵਕ/ਸੀਵਰਮੈਨ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਂਦੀਆਂ ਹਨ। ਇਸ ਸਥਾਨਕ ਸਰਕਾਰ ਦੇ ਹੁਕਮਾਂ ਅਨੁਸਾਰ ਕੰਟਰੈਕਟ ਬੇਸਿਜ਼ ਤੇ ਕੰਮ ਕਰਦੇ ਸਫਾਈ ਸੇਵਕਾਂ/ਸੀਵਰਮੈਨਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਸਬੰਧੀ ਅਤੇ ਨਵੀਆਂ ਅਸਾਮੀਆਂ ਦੀ ਰਚਨਾਂ ਕਰਨ ਸਬੰਧੀ ਨਗਰ ਨਿਗਮ ਲੁਧਿਆਣਾ ਦੇ ਜਨਰਲ ਹਾਊਸ ਦੀ ਮੀਟਿੰਗ ਮਿਤੀ 28-12-2021 ਵਿੱਚ ਮਤਾ ਪੇਸ਼ ਕੀਤਾ ਗਿਆ ਸੀ ਜੋ ਕਿ ਜਨਰਲ ਹਾਊਸ ਵਲੋਂ ਮਤਾ ਨੰ: 270 ਅਤੇ 307 ਰਾਹੀਂ ਪ੍ਰਵਾਨ ਕੀਤਾ ਗਿਆ ਸੀ ਅਤੇ ਇਹ ਮਤਾ ਨੰ: 310 ਅਤੇ 307 ਨਗਰ ਨਿਗਮ ਦੇ ਪੱਤਰ ਨੰ: 308/ਸੈਕਟਰੀ/ਟੀ/ਡੀ ਮਿਤੀ 31-12-2021 ਰਾਹੀਂ ਸਰਕਾਰ ਨੂੰ ਭੇਜਿਆ ਗਿਆ ਸੀ।

ਇਸ ਸਬੰਧ ਵਿੱਚ ਸਰਕਾਰ ਵਲੋਂ ਮਤਾ ਨੰ: 270 ਅਤੇ 307 ਸਬੰਧੀ ਹੇਠ ਲਿਖੇ ਅਨੁਸਾਰ ਟਿੱਪਣੀ ਦਿੱਤੀ ਗਈ ਸੀ:

| ਮਤਾ ਨੰ: | ਸਰਕਾਰ ਵੱਲੋ ਮਤਿਆ ਸਬੰਧੀ ਦਿੱਤੀ ਗਈ ਟਿੱਪਣੀ |
|---|---|
| 270 | ਮੰਤਰੀ ਪ੍ਰੀਸ਼ਦ ਦੇ ਫੈਸਲੇ ਮਿਤੀ 18-06-2021 ਤੋ ਪਹਿਲਾਂ ਸਹਿਰੀ ਸਥਾਨਕ ਸੰਸਥਾਵਾਂ ਵਿੱਚ ਕੰਟਰੈਕਟ ਬੇਸਿਜ਼ ਦੇ ਕੰਮ ਕਰਦੇ ਸਫਾਈ ਸੇਵਕ/ਸੀਵਰਮੈਨਾਂ ਦੀਆਂ ਸੇਵਾਵਾਂ ਰੈਗੂਲਰ ਕਰਨ ਸਬੰਧੀ ਇਸ ਵਿਭਾਗ ਵੱਲੋ ਪੱਤਰ ਨੰ: ਸ1-ਸਬ-ਡਸਸ-2021/103 ਮਿਤੀ 14-12-2021 ਰਾਹੀ ਹੁਕਮ ਜਾਰੀ ਕੀਤੇ ਹੋਏ ਹਨ। ਇਨ੍ਹਾਂ ਹਦਾਇਤਾਂ ਅਨੁਸਾਰ ਕੇਵਲ ਸਫਾਈ ਸੇਵਕ/ਸੀਵਰਮੈਨ ਜੋ ਮਿਤੀ 18-06-2021 ਤੋ ਪਹਿਲਾ ਕੰਟਰੈਕਟ ਤੇ ਹਨ, ਸਿਰਫ ਉਨਾਂ ਨੂੰ ਹੀ ਰੇਗੂਲਰ ਕੀਤਾ ਜਾਣਾ ਹੈ। ਇਨਾਂ ਦੋ ਅਸਾਮੀਆਂ ਤੋ ਇਲਾਵਾ ਹੋਰ ਕਿਸੇ ਵੀ ਅਸਾਮੀ ਸਬੰਧੀ ਹਦਾਇਤਾਂ ਮੋਜੂਦ ਨਹੀ ਹਨ। ਇਸ ਲਈ ਕੇਵਲ ਸਫਾਈ ਸੇਵਕ/ਸੀਵਰਮੈਨਾਂ ਨੂੰ ਉਕਤ ਜਾਰੀ ਹੁਕਮਾਂ ਰਾਹੀ ਕੀਤੀ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਹੋਏ ਕਾਰਵਾਈ ਕੀਤੀ ਜਾਵੇ। |
| 307 | ਪ੍ਰਵਾਨ ਹੈ, ਸਰਕਾਰ ਦੇ ਰੂਲਾਂ/ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇ। |

ਸਰਕਾਰ ਵਲੋਂ ਉਕਤ ਦਿੱਤੀ ਗਈ ਟਿੱਪਣੀ ਦੇ ਸਬੰਧ ਵਿੱਚ, ਕਿਉਂਜੋ ਨਗਰ ਨਿਗਮ ਵਿੱਚ ਡੀ.ਸੀ.ਰੇਟ/70%/ਸੈਕਸ਼ਨ ਤੇ ਸਫਾਈ ਸੇਵਕ/ਸੀਵਰਮੈਨ ਕੰਮ ਕਰਦੇ ਹਨ, ਇਸ ਲਈ ਇਹਨਾਂ ਨੂੰ ਕੰਟਰੈਕਟ ਬੇਸਿਜ਼ ਤੇ ਸਮਝਿਆ ਜਾਵੇ, ਸਬੰਧੀ ਸੇਧ ਦੇਣ ਲਈ ਨਗਰ ਨਿਗਮ ਲੁਧਿਆਣਾ ਵਲੋਂ ਪੱਤਰ ਨੰ: 137/ਐਮ.ਓ.ਈ.ਡੀ ਮਿਤੀ 04-07-2022 ਰਾਹੀਂ ਮਾਣਯੋਗ ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ ਵਿਭਾਗ, ਪੰਜਾਬ ਜੀ ਨੂੰ ਬੇਨਤੀ ਕੀਤੀ ਗਈ ਸੀ। ਪਰ ਇਸ ਸਬੰਧੀ ਸਰਕਾਰ ਪਾਸੋਂ ਕੋਈ ਸੇਧ ਅਜੇ ਤੱਕ ਪ੍ਰਾਪਤ ਨਹੀਂ ਹੋਈ ਹੈ।

ਇਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਇਸ ਸਬੰਧ ਵਿੱਚ ਪਿਛਲੇ ਕਾਫੀ ਦਿਨਾਂ ਤੋਂ ਵੱਖ-ਵੱਖ ਯੂਨੀਅਨਾਂ ਵਲੋਂ ਇਸ ਸਬੰਧੀ ਮੰਗ ਕੀਤੀ ਜਾ ਰਹੀ ਹੈ ਕਿ ਸਫਾਈ ਸੇਵਕਾਂ/ਸੀਵਰਮੈਨਾਂ ਨੂੰ ਰੈਗੂਲਰ ਕੀਤਾ ਜਾਵੇ ਅਤੇ ਉਹਨਾਂ ਵਲੋਂ ਇਸ ਸਬੰਧੀ ਧਰਨੇ ਅਤੇ ਰੋਸ ਪ੍ਰਦਰਸ਼ਨ ਵੀ ਕੀਤਾ ਜਾ ਰਿਹਾ ਹੈ, ਜਿਸ ਨਾਲ ਲਾਅ ਐਂਡ ਆਰਡਰ ਭੰਗ ਹੋ ਰਿਹਾ ਹੈ। ਇਸ ਲਈ ਪਬਲਿਕ ਹਿੱਤ ਨੂੰ ਮੁੱਖ ਰੱਖਦੇ ਹੋਏ ਅਤੇ ਲਾਅ ਐਂਡ ਆਰਡਰ ਨੂੰ ਮੇਨਟੇਨ ਰੱਖਣ ਵਾਸਤੇ ਇਸ ਸਬੰਧੀ ਲੀਗਲ ਐਡਵਾਈਜਰ ਪਾਸੋਂ ਕਾਨੂੰਨੀ ਰਾਏ ਲਈ ਗਈ। ਲੀਗਲ ਐਡਵਾਈਜਰ ਜੀ ਵਲੋਂ ਹੇਠ ਲਿਖੇ ਅਨੁਸਾਰ ਕਾਨੂੰਨੀ ਰਾਏ ਦਿੱਤੀ ਗਈ ਹੈ:-

"It is on record that the Municipal Corporation has passed a Resolution No. 210 dated 10.11.2020 to regularize the service of workers (Safai Sewaks, Sewermen & Beldar) who were working on DC rate on specific sanctions. The implementation of this resolution was stalled by the Govt. on the ground that there is no policy to regularize the services of employees (Provincialized as well as Non-provincialized). Thereafter the Municipal Corporation passed another resolution no. 310 dated 18.12.2021 and decided to create the requisite number of posts of Sewermen and Safai Sewaks, who were working on DC rate wage on sanction basis.

Balkar G

The Govt. vide letter dated 07.01.2022 has granted sanction for creation of the posts.

Since, in the resolution no. 210 dated 10.112020 and 310 dated 18.12.2021, it was explained that it is under consideration of the Municipal Corporation to regularize the services of such employees who are working on DC rate wage on sanction basis, the Govt. vide letter dated 13.04.2022 accorded it's approval to the proposal of the Municipal Corporation by according sanction to the creation of the requisite number of posts. The Govt. has however ordered only contractual employees be considered for regularization. As such, the Govt. on one hand had sanctioned the creation of posts to regularize the service of Safai Sewaks & Sewermen working on DC rate wage on sanction basis but has now conveyed that only contractual employees may be regularized. In this regard, it is referable that all the Safai Sewaks & Sewermen referred above are being paid the remuneration directly by the Municipal Corporation and these workers were not engaged through any outsource agency. Therefore, these workers were impliedly engaged on contractual basis as every time while granting sanction of expenditure for payment of wages to these employees, the period of engagement was also clearly stipulated and made known to the workers.

The Govt. exercises complete supervision and control over the working/ affairs of the Municipal Corporation and is also the budget sanctioning authority of the Municipal Corporation. Accordingly, the directions of the Govt. especially with regard to the financial expenditure/management are liable to be complied with/ followed by the Municipal Corporation.

In these circumstances, to again intimate the Govt. that the Municipal Corporation is to regularize the services of those Safai Sewaks & Sewermen who are working on sanction basis, the complete facts may be brought in the knowledge of the House because as per section 71 (7) of the PMC Act, 1976, the House is the Competent Authority to appoint the employees of non-provincialized cadre whose salary is more than Rs. 500/ per month. Every resolution passed by the House is required to be sent to the Govt. for approval."

ਉਪਰੋਕਤ ਨੂੰ ਮੁੱਖ ਰੱਖਦੇ ਹੋਏ (ਨਾਲ ਨੱਥੀ ਲਿਸਟ ਅਨੁਸਾਰ) ਸਬੰਧਤ ਸਫਾਈ ਸੇਵਕ/ਸੀਵਰਮੈਨ ਜਿਹੜੇ ਡੀ.ਸੀ.ਰੇਟ/ 70%/ਸੈਕਸ਼ਨ ਤੇ ਹਨ, ਉਹਨਾਂ ਨੂੰ ਕੰਟਰੈਕਟ ਤੇ ਸਮਝਦੇ ਹੋਏ, ਸਥਾਨਕ ਸਰਕਾਰ ਪੰਜਾਬ ਵਲੋਂ ਪੱਤਰ ਨੰ: ਸ1-ਜਬ-ਡਸਸ-2021/103 ਮਿਤੀ 14-12-2021 ਰਾਹੀਂ ਜਾਰੀ ਹੁਕਮਾਂ ਕਿ ਮੰਤਰੀ ਪ੍ਰੀਸ਼ਦ ਦੇ ਫੈਸਲੇ ਮਿਤੀ 18-06-2021 ਤੋਂ ਪਹਿਲਾਂ ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਕੰਟਰੈਕਟ ਬੇਸਿਜ਼ ਤੇ ਕੰਮ ਕਰਦੇ ਸਫਾਈ ਸੇਵਕ/ਸੀਵਰਮੈਨ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਂਦੀਆਂ ਹਨ। ਇਸ ਲਈ ਮਿਤੀ 18-06-2021 ਤੋ ਪਹਿਲਾ ਡੀ.ਸੀ.ਰੇਟ ਸੈਕਸ਼ਨ ਅਧਾਰ ਤੇ ਕੰਮ ਕਰ ਰਹੇ ਸਫਾਈ ਸੇਵਕ ਅਤੇ ਸੀਵਰਮੈਨਾਂ ਨੂੰ ਸਰਕਾਰ ਦੇ ਰੂਲਾਂ/ਹਦਾਇਤਾਂ ਅਨੁਸਾਰ ਰੈਗੂਲਰ ਕਰਨ ਹਿਤ ਮਾਣਯੋਗ ਜਨਰਲ ਹਾਊਸ ਵਿੱਚ ਪ੍ਰਵਾਨਗੀ ਹਿਤ ਭੇਜਣ ਹਿਤ ਰਿਪੋਰਟ ਪੇਸ਼ ਹੈ ਜੀ।

ਮਾਣਯੋਗ ਕਮਿਸ਼ਨਰ ਜੀ ਨੇ ਹੁਕਮ ਮਿਤੀ 21-07-2022 ਰਾਂਹੀ ਕੇਸ ਨੂੰ ਹਾਊਸ ਵਿੱਚ ਪੇਸ਼ ਕਰਨ ਲਈ ਪ੍ਰਸ਼ਾਸਕੀ ਪ੍ਰਵਾਨਗੀ ਦਿੱਤੀ ਹੈ। ਮਾਣਯੋਗ ਮੇਅਰ ਜੀ ਨੇ ਹੁਕਮ ਮਿਤੀ 21-07-2022 ਅਨੁਸਾਰ ਕੇਸ ਨੂੰ ਹਾਊਸ ਵਿੱਚ ਪੇਸ਼ ਕਰਨ ਦੀ ਆਗਿਆ ਦਿੱਤੀ ਹੈ। ਕੇਸ ਹਾਊਸ ਦੇ ਵਿਚਾਰ ਹਿੱਤ ਪੇਸ਼ ਹੈ ਜੀ।

**ਮਤਾ ਨੰ: 333**

**ਮਿਤੀ 18-06-2021 ਤੋ ਪਹਿਲਾ ਨਗਰ ਨਿਗਮ, ਲੁਧਿਆਣਾ ਵਿੱਚ ਕੰਮ ਕਰਦੇ ਡੀ.ਸੀ. ਰੇਟ ਅਤੇ 70% ਸੈਂਕਸ਼ਨ ਵਾਲੇ ਮੁਲਾਜਮਾਂ ਨੂੰ ਕੰਟਰੈਕਟ ਤੇ ਮੰਨਦੇ ਹੋਏ ਉਹਨਾ ਦੀਆਂ ਸੇਵਾਵਾਂ, ਵਿਭਾਗ ਦੇ ਪੱਤਰ ਨੰ ਸ1-ਜਬ-ਡਸਸ-2021/103 ਮਿਤੀ 14-12-2021 ਰਾਹੀਂ ਜਾਰੀ ਹੁਕਮਾਂ ਅਨੁਸਾਰ, ਰੈਗੁਲਰ ਕਰਨੀਆਂ ਪ੍ਰਵਾਨ ਕੀਤੀਆ ਜਾਂਦੀਆ ਹਨ। ਜਿਹੜੇ ਮੁਲਾਜਮ ਮਿਤੀ 18-06-2021 ਤੋ ਪਹਿਲਾ ਨਗਰ ਨਿਗਮ ਲੁਧਿਆਣਾ ਦੇ ਵਿੱਚ ਕੰਮ ਕਰ ਰਹੇ ਸੀ, ਉਹਨਾ ਦੀਆਂ ਲਿਸਟਾਂ ਫਾਈਨਲ ਕਰਨ ਲਈ ਮਾਣਯੋਗ ਮੇਅਰ ਜੀ ਨੂੰ ਕਮੇਟੀ ਬਣਾਉਣ ਲਈ ਅਧਿਕਾਰਿਤ ਕੀਤਾ ਜਾਂਦਾ ਹੈ। ਇਹ ਕਮੇਟੀ 7 ਦਿਨ ਦੇ ਅੰਦਰ-ਅੰਦਰ ਆਪਣੀ ਰਿਪੋਰਟ ਪੇਸ਼ ਕਰੇਗੀ।**

Batth Sd/-
**ਮੇਅਰ**
**25-07-2022**

Batth Sd/-
**ਮੇਅਰ**
**ਨਗਰ ਨਿਗਮ, ਲੁਧਿਆਣਾ।**
**25-07-2022**